ਆਖ਼ਰੀ ਅਪਡੇਟ: 1 ਦਸੰਬਰ, 2021

# ਸਰਵਿਸ ਬੀ ਸੀ ਸਪੋਰਟ ਲਾਈਨ

ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਬਿਹਤਰ ਢੰਗ ਨਾਲ ਮਦਦ ਕਰਨ ਲਈ, ਵਿਅਕਤੀਗਤ ਪੱਧਰ ‘ਤੇ ਸਹਾਇਤਾ ਦੇਣ ਲਈ ਇੱਕ ਨਵੀਂ ਸਰਵਿਸ ਬੀ ਸੀ ਫ਼ੋਨ ਲਾਈਨ ਮੌਜੂਦ ਹੈ।

1-833-376-2452

**ਇਨ੍ਹਾਂ ਚੀਜ਼ਾਂ ਨਾਲ ਸਬੰਧਤ ਪ੍ਰਸ਼ਨਾਂ ਦੇ ਉੱਤਰ ਦੇਣ ਲਈ, ਲਾਈਨਾਂ ਹਰ ਰੋਜ਼ ਸਵੇਰੇ 7:00 ਵਜੇ ਤੋਂ ਸ਼ਾਮ 5:00 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ (ਅਨੁਵਾਦਕ ਉਪਲਬਧ ਹਨ):**

- ਐਮਰਜੈਂਸੀ ਸਹਾਇਤਾ
- ਡਿਜ਼ਾਸਟਰ ਫ਼ਾਈਨੈਂਸ਼ੀਅਲ ਅਸਿਸਟੈਂਸ
- ਬੀਮਾ
- ਮਾਨਸਕ ਸਿਹਤ ਸਹਾਇਤਾ
- ਸੜਕਾਂ ਦੀ ਸਥਿਤੀ ਅਤੇ ਯਾਤਰਾ
- ਫ਼ੈਡਰਲ ਸਰਕਾਰ ਵੱਲੋਂ ਮਦਦ ਜਿਵੇਂ ਕਿ ਐਂਪਲੌਇਮੈਂਟ ਇੰਸ਼ੋਰੈਂਸ
- ਖੇਤੀਬਾੜੀ
- ਖ਼ਤਰਨਾਕ ਵਸਤਾਂ
- ਪਾਣੀ ਦੀ ਗੁਣਵੱਤਾ
- ਯੂਟਿਲਿਟੀਜ਼ (ਜਨਉਪਯੋਗੀ ਸੇਵਾਵਾਂ)

---

# ਮਾਲੀ ਸਹਾਇਤਾ

ਸੂਬਾ ਸਰਕਾਰ ਕੈਨੇਡੀਅਨ ਰੈੱਡ ਕਰਾਸ ਨਾਲ ਉਨ੍ਹਾਂ ਲੋਕਾਂ ਨੂੰ $2000 ਮੁਹੱਈਆ ਕਰਾਉਣ ਲਈ ਮਿਲ ਕੇ ਕੰਮ ਕਰ ਰਹੀ ਹੈ, ਜਿਨ੍ਹਾਂ ਦੀਆਂ ਮੁੱਖ ਰਿਹਾਇਸ਼ਾਂ (ਪ੍ਰਿੰਸੀਪਲ ਰੈਜ਼ੀਡੈਂਸ) ਨੂੰ ਹੜ੍ਹਾਂ ਦੇ ਕਾਰਣ ਖ਼ਾਲੀ ਕਰਨ ਦੇ ਨਿਰਦੇਸ਼ (ਇਵੈਕੁਏਸ਼ਨ ਆਰਡਰ) ਅਧੀਨ ਰੱਖਿਆ ਗਿਆ ਹੈ, ਤਾਂ ਕਿ ਹੜ੍ਹਾਂ ਦੇ ਕਾਰਣ ਰਿਹਾਇਸ਼ਾਂ ਖ਼ਾਲੀ ਕਰਨ ਨਾਲ ਸਬੰਧਤ ਫ਼ੌਰੀ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਮਦਦ ਮਿਲ ਸਕੇ। ਯੋਗ ਘਰ-ਪਰਿਵਾਰਾਂ ਨੂੰ ਕੈਨੇਡੀਅਨ ਰੈੱਡ ਕਰਾਸ ਤੋਂ $2000 ਮਿਲਣਗੇ ਜਿਨ੍ਹਾਂ ਦੀਆਂ ਮੁੱਖ ਰਿਹਾਇਸ਼ਾਂ (ਪ੍ਰਿੰਸੀਪਲ ਰੈਜ਼ੀਡੈਂਸ) ਨੂੰ ਹੜ੍ਹਾਂ ਅਤੇ ਬੇਹੱਦ ਖ਼ਰਾਬ ਮੌਸਮੀ ਘਟਨਾਵਾਂ ਦੇ ਕਾਰਣ ਖ਼ਾਲੀ ਕਰਨ ਦੇ ਨਿਰਦੇਸ਼ (ਇਵੈਕੁਏਸ਼ਨ ਆਰਡਰ) ਅਧੀਨ ਰੱਖਿਆ ਗਿਆ ਸੀ।

- ਰੈੱਡ ਕਰਾਸ ਨਾਲ ਸਵੇਰੇ 8 ਵਜੇ ਤੋਂ ਸ਼ਾਮ 8:ਵਜੇ ਦਰਮਿਆਨ, 1 800 863-6582 ‘ਤੇ ਕਾਲ ਕਰ ਕੇ ਰਜਿਸਟਰ ਕਰੋ

ਕੈਨੇਡੀਅਨ ਰੈੱਡ ਕਰਾਸ ਨੂੰ ਬਹੁਤ ਜ਼ਿਆਦਾ ਮਾਤਰਾ ਵਿੱਚ ਕਾਲਾਂ ਆਉਂਦੀਆਂ ਰਹੀਆਂ ਹਨ। ਟੀਮਾਂ ਜਿੰਨੀ ਤੇਜ਼ੀ ਨਾਲ ਸੰਭਵ ਹੋ ਸਕੇ, ਲੋਕਾਂ ਨੂੰ ਰਜਿਸਟਰ ਕਰਨ ਲਈ ਕੰਮ ਕਰ ਰਹੀਆਂ ਹਨ ਅਤੇ ਲੋਕ ਹੁਣ ਇੱਥੇ ਔਨਲਾਈਨ ਵੀ ਰਜਿਸਟਰ ਕਰ ਸਕਦੇ ਹਨ: https://www.redcross.ca/how-we-help/current-emergency-responses/2021-british-columbia-floods-and-extreme-weather

---

# ਵਿਸਥਾਪਤ (ਈਵੈਕੁਈ) ਰਜਿਸਟ੍ਰੇਸ਼ਨ

ਜੇਕਰ ਹੜ੍ਹਾਂ ਕਾਰਣ ਤੁਹਾਨੂੰ ਤੁਹਾਡੇ ਭਾਈਚਾਰੇ ‘ਚੋਂ ਬਾਹਰ ਲਿਜਾਇਆ ਗਿਆ ਹੈ, ਤਾਂ ਤੁਹਾਨੂੰ ਐਮਰਜੈਂਸੀ ਸਪੋਰਟ ਸਰਵਿਸਜ਼ (ਈ ਐੱਸ ਐੱਸ) ਨਾਲ ਰਜਿਸਟਰ ਕਰਨਾ ਚਾਹੀਦਾ ਹੈ ਭਾਵੇਂ ਤੁਹਾਨੂੰ ਮਦਦ ਦੀ ਲੋੜ ਹੋਵੇ ਜਾਂ ਨਾ ਹੋਵੇ। ਇਸ ਨਾਲ ਇਹ ਨਿਸ਼ਚਿਤ ਕਰਨ ਵਿੱਚ ਮਦਦ ਮਿਲੇਗੀ ਕਿ ਤੁਹਾਡੇ ਮਿੱਤਰ ਪਿਆਰਿਆਂ ਅਤੇ ਭਾਈਚਾਰਿਆਂ ਨੂੰ ਪਤਾ ਰਹੇਗਾ ਕਿ ਤੁਸੀਂ ਕਿੱਥੇ ਹੋ ਅਤੇ ਇਹ ਵੀ ਜਾਣਕਾਰੀ ਰਹੇਗੀ ਕਿ ਤੁਸੀਂ ਸੁਰੱਖਿਅਤ ਹੋ।

**ਕਦਮ 1**

ess.gov.bc.ca ‘ਤੇ ਆਪਣੇ ਆਪ ਰਜਿਸਟਰ ਕਰੋ। ਜੇ ਖ਼ੁਦ ਰਜਿਸਟਰ ਕਰਨ ਲਈ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਐਮਰਜੈਂਸੀ ਸਪੋਰਟ ਸਰਵਿਸਜ਼ ਇਨਫ਼ੋ ਲਾਈਨ ਨੂੰ ਕਾਲ ਕਰ ਕੇ ਮਦਦ ਦੀ ਮੰਗ ਕਰ ਸਕਦੇ ਹੋ: 1-800-585-9559

ਆਖ਼ਰੀ ਅਪਡੇਟ: 1 ਦਸੰਬਰ, 2021

**ਕਦਮ 2**

ਈ ਐੱਸ ਐੱਸ ਰਜਿਸਟ੍ਰੇਸ਼ਨ ਮੁਕੰਮਲ ਕਰਨ ਲਈ ਕਿਸੇ ਨੇੜਲੇ ਰਿਸੈਪਸ਼ਨ ਸੈਂਟਰ 'ਤੇ ਚਲੇ ਜਾਉ। ਤੁਹਾਨੂੰ ਇੱਕ ਲੋੜ ਮੁਲਾਂਕਣ ਮੁਕੰਮਲ ਕਰਨ ਲਈ ਵੀ ਕਿਹਾ ਜਾਏਗਾ ਤਾਂ ਕਿ ਇਸ ਨਿਰਧਾਰਤ ਕੀਤਾ ਜਾ ਸਕੇ ਕਿ ਤੁਹਾਨੂੰ ਥੋੜ੍ਹੇ ਸਮੇਂ ਲਈ ਕਿਹੜੇ ਸਹਾਇਤਾ ਸਾਧਨਾਂ ਦੀ ਲੋੜ ਹੈ (ਮਿਸਾਲ ਵੱਜੋਂ-ਭੋਜਨ, ਰਿਹਾਇਸ਼, ਕੱਪੜੇ ਅਤੇ ਜ਼ਰੂਰੀ ਖ਼ਰਚਾ (ਇਨਸੀਡੈਂਟਲਜ਼)। ਰਿਸੈਪਸ਼ਨ ਸੈਂਟਰਾਂ ਦੀ ਸੂਚੀ https://www.emergencyinfobc.gov.bc.ca/floods-2021/ 'ਤੇ ਉਪਲਬਧ ਹੈ।

---

# ਡਿਜ਼ਾਸਟਰ ਫ਼ਾਈਨੈਂਸ਼ੀਅਲ ਅਸਿਸਟੈਂਸ

ਡਿਜ਼ਾਸਟਰ ਫ਼ਾਈਨੈਂਸ਼ੀਅਲ ਅਸਿਸਟੈਂਸ (ਡੀ ਐੱਫ਼ ਏ) ਦਾ ਐਲਾਨ ਹੜ੍ਹਾਂ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਦਾ ਕਾਰਣ ਬਣੇ ਐਟਮਸਫ਼ੈਰਿਕ ਰਿਵਰ ਪ੍ਰਤੀ ਕਾਰਵਾਈ ਕਰਨ ਲਈ ਕੀਤਾ ਗਿਆ ਸੀ ਜਿਸ ਨਾਲ ਸੂਬੇ ਦਾ ਦੱਖਣੀ ਭਾਗ 14-16 ਨਵੰਬਰ, 2021 ਦਰਮਿਆਨ ਪ੍ਰਭਾਵਤ ਹੋਇਆ। ਇਹ ਸਹਾਇਤਾ ਕਿਸਾਨਾਂ, ਰਿਹਾਇਸ਼ੀ ਕਿਰਾਏਦਾਰਾਂ, ਕਾਰੋਬਾਰਾਂ, ਚੈਰੀਟੇਬਲ ਸੰਸਥਾਵਾਂ ਅਤੇ ਘਰ-ਮਾਲਕਾਂ ਨੂੰ ਮਿਲ ਸਕਦੀ ਹੈ। ਇਸ ਪ੍ਰੋਗਰਾਮ ਲਈ ਅਰਜ਼ੀਆਂ ਦੇਣ ਲਈ ਸਮੇਂ ਦੀ ਹੱਦ **12 ਫ਼ਰਵਰੀ, 2022** ਤੱਕ ਹੈ।

ਜਿਨ੍ਹਾਂ ਵਸਨੀਕਾਂ ਦਾ ਇੱਕ ਤੋਂ ਵੱਧ ਸ਼੍ਰੇਣੀਆਂ ਵਿੱਚ ਅਜਿਹਾ ਨੁਕਸਾਨ ਹੋਇਆ ਹੋਵੇ ਜਿਸ ਦਾ ਬੀਮਾ ਨਹੀਂ ਹੋਇਆ ਸੀ, ਉਹ ਹਰ ਇੱਕ ਸ਼੍ਰੇਣੀ ਅਧੀਨ ਈ ਐੱਮ ਬੀ ਸੀ ਨੂੰ ਅਰਜ਼ੀਆਂ ਦੇ ਸਕਦੇ ਹਨ। ਉਹ ਕਿਸਾਨ, ਜੋ ਆਪਣੀ ਮੁੱਖ ਰਿਹਾਇਸ਼ (ਪ੍ਰਿੰਸੀਪਲ ਰੈਜ਼ੀਡੈਂਸ) ਵੀ ਗਵਾ ਚੁੱਕੇ ਹਨ, ਘਰ-ਮਾਲਕ (ਹੋਮਓਨਰ) ਅਤੇ ਖੇਤ-ਮਾਲਕ (ਫ਼ਾਰਮਓਨਰ) ਦੋਹਾਂ ਸ਼੍ਰੇਣੀਆਂ ਅਧੀਨ ਸਹਾਇਤਾ ਹਾਸਲ ਕਰਨ ਲਈ ਯੋਗ ਹੋ ਸਕਦੇ ਹਨ, ਜਿਸ ਨੂੰ ਦੂਹਰੀ ਵਾਰ ਮਿਲੀ ਸਹਾਇਤਾ (ਡੁਪਲੀਕੇਸ਼ਨ) ਨਹੀਂ ਮੰਨਿਆ ਜਾਵੇਗਾ।

ਡੀ ਐੱਫ਼ ਏ ਰਾਹੀਂ ਅਰਜ਼ੀ ਦੇਣ ਵਾਲੇ ਉਹ ਲੋਕ, ਜੋ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਦੇ ਜ਼ਰੂਰੀ ਅਤੇ ਉਹ ਨੁਕਸਾਨ ਜਿਨ੍ਹਾਂ ਦਾ ਬੀਮਾ ਨਾ ਹੋਇਆ ਹੋਵੇ ਦੀ ਪੂਰਤੀ ਹੋ ਸਕੇਗੀ। ਹਰ ਪ੍ਰਵਾਨਤ ਕਲੇਮ ਲਈ ਕੁੱਲ ਯੋਗ ਨੁਕਸਾਨ, ਜੋ $1,000 ਤੋਂ ਵੱਧ ਹੋਵੇ, ਦੀ ਰਕਮ ਦੇ 80% ਤੱਕ, ਵੱਧ ਤੋਂ ਵੱਧ $300,000 ਦੇ ਕਲੇਮ ਤੱਕ ਮਾਲੀ ਸਹਾਇਤਾ ਮੁਹੱਈਆ ਕਰਾਈ ਜਾਏਗੀ।

- ਯੋਗਤਾ ਦੀਆਂ ਸ਼ਰਤਾਂ, ਅਤੇ ਹੋਰ ਜਾਣਕਾਰੀ https://www2.gov.bc.ca/gov/content/safety/emergency-management/preparedbc/evacuee-guidance/disaster-financial-assistance 'ਤੇ ਮਿਲ ਸਕਦੀ ਹੈ।

---

# ਕਿਸਾਨ ਅਤੇ ਮਾਲ-ਡੰਗਰ (ਲਾਈਵਸਟੌਕ) ਉਤਪਾਦਕ

ਖੇਤੀਬਾੜੀ, ਆਹਾਰ ਅਤੇ ਮੱਛੀ-ਪਾਲਣ ਦੇ ਮੰਤਰਾਲੇ ਵੱਲੋਂ ਐਮਰਜੈਂਸੀ ਮੈਨੇਜਮੈਂਟ ਬੀ ਸੀ ਵਿੱਚ ਸਟਾਫ਼ ਤੈਨਾਤ ਕੀਤਾ ਗਿਆ ਹੈ ਤਾਂ ਕਿ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਖੇਤੀਬਾੜੀ ਨਾਲ ਸਬੰਧਤ ਸਹਾਇਤਾ ਉਪਲਬਧ ਰਹੇ, ਉਸ ਵਿੱਚ ਤਾਲਮੇਲ ਕਾਇਮ ਰਹੇ ਅਤੇ ਉਹ ਮੁਹੱਈਆ ਹੁੰਦੀ ਰਹੇ। ਕਿਸਾਨ ਅਤੇ ਮਾਲ-ਡੰਗਰ (ਲਾਈਵਸਟੌਕ) ਉਤਪਾਦਕ ਜੋ ਹੜ੍ਹਾਂ ਨਾਲ ਸਿੱਧੇ ਤੌਰ 'ਤੇ ਪ੍ਰਭਾਵਤ ਹੋਏ ਹਨ, ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਆਪਣੀ ਸਥਾਨਕ ਉਦਯੋਗ ਐਸੋਸੀਏਸ਼ਨ ਨਾਲ ਸੰਪਰਕ ਕਰਨ ਤਾਂ ਕਿ ਆਪਣੀ ਸਥਿਤੀ ਅਤੇ ਉਪਲਬਧ ਸਹਾਇਤਾ ਬਾਰੇ ਜਾਣਕਾਰੀ ਮੁਹੱਈਆ ਕਰਾ ਸਕਣ ਅਤੇ ਪ੍ਰਾਪਤ ਕਰ ਸਕਣ।

- ਐਬਟਸਫ਼ੋਰਡ ਵਿੱਚ ਉਹ ਖੇਤੀਬਾੜੀ ਵਾਲੇ ਕਿਸਾਨ ਜੋ ਡੇਅਰੀ, ਪੋਲਟਰੀ ਜਾਂ ਹੌਗ ਕਮੋਡਿਟੀ ਐਸੋਸੀਏਸ਼ਨਾਂ ਨਾਲ ਸਬੰਧਤ ਨਹੀਂ ਹਨ, ਨੂੰ ਐਬਟਸਫ਼ੋਰਡ ਐਗਰੀਕਲਚਰਲ ਐਮਰਜੈਂਸੀ ਰਿਸਪੌਂਸ ਲਾਈਨ ਨੂੰ 1-604-262-7640 'ਤੇ ਕਾਲ ਕਰਨਾ ਚਾਹੀਦਾ ਹੈ।
- ਸੁਰੱਖਿਅਤ ਢੋਆ-ਢੁਆਈ ਅਤੇ ਮ੍ਰਿਤਕ ਜਾਨਵਰਾਂ ਦੇ ਨਿਪਟਾਰੇ ਲਈ ਮਦਦ ਵਾਸਤੇ, ਮੰਤਰਾਲੇ ਦੀ ਲਾਈਵਸਟੌਕ ਕਾਰਕੈੱਸ ਡਿਸਪੋਜ਼ਲ ਹੌਟਲਾਈਨ ਨੂੰ 1-604-302-4830 'ਤੇ ਕਾਲ ਕਰੋ।
- ਹੜ੍ਹਾਂ ਤੋਂ ਪ੍ਰਭਾਵਤ ਹੋਏ ਉਤਪਾਦਕ ਐਗਰੀ ਸਰਵਿਸ ਬੀ ਸੀ ਨੂੰ 1-888-221-7141 'ਤੇ ਕਾਲ ਕਰ ਕੇ ਮਾਨਸਕ ਤੰਦਰੁਸਤੀ ਲਈ ਸਹਾਇਤਾ ਸਾਧਨ ਹਾਸਲ ਕਰ ਸਕਦੇ ਹਨ।
- 2021 ਦੀਆਂ ਬੇਹੱਦ ਖ਼ਰਾਬ ਮੌਸਮੀ ਘਟਨਾਵਾਂ ਪ੍ਰਤੀ ਕਾਰਵਾਈ ਕਰਨ ਲਈ, ਬੀ ਸੀ ਅਤੇ ਕੈਨੇਡਾ ਦੇ ਦਰਮਿਆਨ ਇੱਕ ਸਾਂਝੇ ਸਮਝੌਤੇ ਨਾਲ ਐਗਰੀਸਟੇਬਿਲਿਟੀ 2021 ਪ੍ਰੋਗਰਾਮ ਵਰ੍ਹੇ ਵਿੱਚ 31 ਦਸੰਬਰ, 2022 ਤੱਕ ਦੇਰ ਨਾਲ ਰਜਿਸਟ੍ਰੇਸ਼ਨ ਹੋ ਸਕੇਗੀ। ਐਗਰੀਸਟੇਬਿਲਿਟੀ ਇੱਕ ਆਮਦਨੀ ਸੁਰੱਖਿਆ ਪ੍ਰੋਗਰਾਮ ਹੈ ਜੋ ਉਨ੍ਹਾਂ ਕਿਸਾਨਾਂ ਨੂੰ ਮਾਲੀ ਮਦਦ ਮੁਹੱਈਆ ਕਰਾਉਂਦਾ ਹੈ ਜਿਨ੍ਹਾਂ ਨੂੰ ਫ਼ਸਲ ਜਾਂ ਮਾਲ-ਡੰਗਰ (ਲਾਈਵਸਟੌਕ) ਵਿੱਚ ਹੋਏ ਨੁਕਸਾਨਾਂ ਜਾਂ ਮਾਰਕਿਟ ਦੀਆਂ ਸਥਿਤੀਆਂ ਦੇ ਕਾਰਣ ਆਮਦਨੀ ਵਿੱਚ ਕਮੀ ਦਾ ਸਾਹਮਣਾ ਕਰਨਾ ਪਿਆ ਹੈ। ਹੋਰ ਜਾਣਕਾਰੀ ਲਈ ਕ੍ਰਿਪਾ ਕਰ ਕੇ https://www2.gov.bc.ca/gov/content/industry/agriculture-seafood/programs/agriculture-income-protection-agristability 'ਤੇ ਜਾਉ ਜਾਂ 1-877-343-2767 'ਤੇ ਕਾਲ ਕਰੋ।
- ਹੜ੍ਹਾਂ ਪ੍ਰਤੀ ਕਾਰਵਾਈ ਬਾਰੇ ਹੋਰ ਜਾਣਕਾਰੀ ਲਈ, ਕ੍ਰਿਪਾ ਕਰ ਕੇ https://www2.gov.bc.ca/gov/content/industry/agriculture-seafood/agricultural-land-and-environment/water/flooding-emergency-resources 'ਤੇ ਜਾਉ ਜਾਂ ਉਹ ਕਿਸਾਨ ਜਿਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ, ਐਗਰੀਸਰਵਿਸ ਬੀ ਸੀ ਲਾਈਨ ਨਾਲ 1-888-221-7141 'ਤੇ ਸੰਪਰਕ ਕਰ ਕੇ ਜਾਣਕਾਰੀ ਲੈਣ।